ਏ.ਡੀ.ਬੀ. ਨੇ 2019-20 ਲਈ ਭਾਰਤ ਦੀ ਜੀ.ਡੀ.ਪੀ. ਵਿਕਾਸ ਦਰ ਦਾ ਅਨੁਮਾਨ ਘਟਾ ਕੇ 6.5 ਫ਼ੀ ਸਦੀ ਕੀਤਾ

ਨਵੀਂ ਦਿੱਲੀ, 11 ਦਸੰਬਰ : ਏਸ਼ੀਆਈ ਵਿਕਾਸ ਬੈਂਕ (ਏ.ਡੀ.ਬੀ.) ਨੇ ਚਾਲੂ ਵਿੱਤੀ ਸਾਲ 2024-25 ਲਈ ਭਾਰਤ ਦੀ ਆਰਥਕ ਵਿਕਾਸ ਦਰ ਦਾ ਅਨੁਮਾਨ 7 ਫ਼ੀ ਸਦੀ ਤੋਂ ਘਟਾ ਕੇ 6.5 ਫ਼ੀ ਸਦੀ ਕਰ ਦਿਤਾ ਹੈ। ਏ.ਡੀ.ਬੀ. ਨੇ ਵਿੱਤੀ ਸਾਲ 2025-26 ਲਈ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ 7.2 ਫ਼ੀ ਸਦੀ ਤੋਂ ਘਟਾ ਕੇ 7 ਫੀ ਸਦੀ ਕਰ ਦਿਤਾ ਹੈ।

ਬੁਧਵਾਰ ਨੂੰ ਜਾਰੀ ਏਸ਼ੀਅਨ ਡਿਵੈਲਪਮੈਂਟ ਆਊਟਲੁੱਕ (ਏ.ਡੀ.ਓ.) ਦੀ ਰੀਪੋਰਟ ਮੁਤਾਬਕ ਅਮਰੀਕੀ ਵਪਾਰ, ਵਿੱਤੀ ਅਤੇ ਇਮੀਗ੍ਰੇਸ਼ਨ ਨੀਤੀਆਂ 'ਚ ਬਦਲਾਅ ਵਿਕਾਸਸ਼ੀਲ ਏਸ਼ੀਆ ਅਤੇ ਪ੍ਰਸ਼ਾਂਤ ਖੇਤਰ 'ਚ ਵਿਕਾਸ ਨੂੰ ਪ੍ਰਭਾਵਤ ਕਰ ਸਕਦੇ ਹਨ ਅਤੇ ਮਹਿੰਗਾਈ ਵਧਾ ਸਕਦੇ ਹਨ। ਰੀਪੋਰਟ 'ਚ ਕਿਹਾ ਗਿਆ ਹੈ ਕਿ ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਦੀਆਂ ਅਰਥਵਿਵਸਥਾਵਾਂ ਦੀ ਵਿਕਾਸ ਦਰ 2024 'ਚ 4.9 ਫ਼ੀ ਸਦੀ ਰਹਿਣ ਦੀ ਉਮੀਦ ਹੈ, ਜੋ ਸਤੰਬਰ 'ਚ ਏ.ਡੀ.ਬੀ. ਦੇ 5 ਫੀ ਸਦੀ ਦੇ ਅਨੁਮਾਨ ਤੋਂ ਥੋੜਾ ਘੱਟ ਹੈ।

ਰੀਪੋਰਟ 'ਚ ਕਿਹਾ ਗਿਆ ਹੈ ਕਿ ਨਿੱਜੀ ਨਿਵੇਸ਼ ਅਤੇ ਰਿਹਾਇਸ਼ੀ ਮੰਗ 'ਚ ਉਮੀਦ ਤੋਂ ਘੱਟ ਵਾਧੇ ਨਾਲ ਇਸ ਵਿੱਤੀ ਸਾਲ 'ਚ ਭਾਰਤ ਦੀ ਵਿਕਾਸ ਦਰ ਵਧ ਕੇ 6.5 ਫ਼ੀ ਸਦੀ ਰਹਿਣ ਦਾ ਅਨੁਮਾਨ ਹੈ।

ਇਸ ਤੋਂ ਪਹਿਲਾਂ ਭਾਰਤੀ ਅਰਥਵਿਵਸਥਾ ਦੇ 7 ਫੀ ਸਦੀ ਦੀ ਦਰ ਨਾਲ ਵਧਣ ਦਾ ਅਨੁਮਾਨ ਲਗਾਇਆ ਗਿਆ ਸੀ। ਏਡੀਬੀ ਨੇ ਅਗਲੇ ਵਿੱਤੀ ਸਾਲ ਲਈ ਵੀ ਵਿਕਾਸ ਦਰ ਨੂੰ 7.2 ਫ਼ੀ ਸਦੀ ਤੋਂ ਘਟਾ ਕੇ 7 ਫ਼ੀ ਸਦੀ ਕਰ ਦਿਤਾ ਹੈ। **(ਪੀਟੀਆਈ)**

ਟਰੰਪ ਨੇ ਜਸਟਿਨ ਟਰੂਡੋ ਦਾ ਮਜ਼ਾਕ ਉਡਾਇਆ, ਉਨ੍ਹਾਂ ਨੂੰ 'ਕੈਨੇਡਾ ਦਾ ਗਵਰਨਰ' ਕਿਹਾ

ਵਾਸ਼ਿੰਗਟਨ, 11 ਦਸੰਬਰ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਮੰਚ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਮਜ਼ਾਕ ਉਡਾਇਆ ਹੈ ਅਤੇ ਉਨ੍ਹਾਂ ਨੂੰ 'ਕੈਨੇਡਾ ਦਾ ਗਵਰਨਰ' ਕਿਹਾ ਹੈ। ਟਰੂਡੋ ਨੇ ਪਿਛਲੇ ਹਫਤੇ ਟਰੰਪ ਨਾਲ ਉਨ੍ਹਾਂ ਦੇ ਨਿੱਜੀ ਕਲੱਬ ਮਾਰ-ਏ-ਲਾਗੋ ਵਿਚ ਕਿਰ ਡਿਨਰ :-ਚ ਹਿੱਸਾ ਲਿਆ ਸੀ, ਜਿੱਥੇ ਉਨ੍ਹਾਂ ਨੇ ਨਵੇਂ ਚੁਣੇ ਗਏ ਰਾਸ਼ਟਰਪਤੀ ਦੀ ਚੇਤਾਵਨੀ 'ਤੇ ਚਰਚਾ ਕੀਤੀ ਸੀ ਕਿ ਜੇ ਕੈਨੇਡਾ ਕੈਨੇਡਾ ਤੋਂ ਅਮਰੀਕਾ ਵਿਚ ਗ਼ੈਰਕਾਨੂੰਨੀ ਪ੍ਰਵਾਸੀਆਂ ਤੇ ਗੈਰ-ਕਾਨੂੰਨੀ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਵਿਚ ਅਸਫਲ ਰਿਹਾ ਤਾਂ ਕੈਨੇਡਾ ਨੂੰ 25 ਫ਼ੀ ਸਦੀ ਟੈਰਿਫ਼ ਦਾ ਸਾਹਮਣਾ ਕਰਨਾ ਪਵੇਗਾ। ਟਰੰਪ ਨੇ ਸੋਸ਼ਲ ਮੀਡੀਆ ਮੰਚ ਟਰੂਥ ਸੋਸ਼ਲ 'ਤੇ ਇਕ ਪੋਸਟ 'ਚ ਕਿਹਾ, "ਕੈਨੇਡਾ ਦੇ ਗਵਰਨਰ ਜਸਟਿਨ ਟਰੂਡੋ ਨਾਲ ਰਾਤ ਦਾ ਖਾਣਾ ਘਾ ਕੇ ਖੁਸ਼ੀ ਹੋਈ।" **(ਪੀਟੀਆਈ)**

ਸੋਸ਼ਲ ਮੀਡੀਆ 'ਤੇ ਪਾਕਿਸਤਾਨੀ ਫ਼ੌਜ ਵਿਰੁਧ ਗ਼ਲਤ ਪ੍ਰਚਾਰ ਕਰਨ ਦੇ ਦੋਸ਼ 'ਚ 22 ਗ੍ਰਿਫ਼ਤਾਰ, 150 ਵਿਰੁਧ ਮਾਮਲਾ ਦਰਜ

ਲਾਹੌਰ, 11 ਦਸੰਬਰ : ਪਾਕਿਸਤਾਨੀ ਅਧਿਕਾਰੀਆਂ ਨੇ 26 ਨਵੰਬਰ ਨੂੰ ਇਸਲਾਮਾਬਾਦ ਵਿਚ ਪਾਰਟੀ ਵਰਕਰਾਂ ਦੀਆਂ ਹਤਿਆਵਾਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਫ਼ੌਜ ਵਿਰੁਧ ਕਥਿਤ ਤੌਰ 'ਤੇ ਗ਼ਲਤ ਪ੍ਰਚਾਰ ਕਰਨ ਦੇ ਦੋਸ਼ ਵਿਚ 150 ਸ਼ੱਕੀਆਂ ਵਿਰੁਧ ਕੇਸ ਦਰਜ ਕੀਤਾ ਹੈ ਅਤੇ ਉਨ੍ਹਾਂ ਵਿਚੋਂ 22 ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਇਮਰਾਨ ਖ਼ਾਨ ਦੀ ਪਾਰਟੀ ਨਾਲ ਸਬੰਧਤ ਹਨ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਅਨੁਸਾਰ 26 ਨਵੰਬਰ ਨੂੰ ਇਸਲਾਮਾਬਾਦ ਵਿਚ ਪ੍ਰਦਰਸ਼ਨਕਾਰੀਆਂ 'ਤੇ ਕਾਨੂੰਨ ਲਾਗੂ ਕਰਨ ਵਾਲਿਆਂ ਵਲੋਂ ਕੀਤੀ ਗਈ ਗੋਲੀਬਾਰੀ ਵਿਚ ਘੱਟੋ-ਘੱਟ 12 ਪਾਰਟੀ ਵਰਕਰ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ। ਪਾਰਟੀ ਦੀ ਇਹ ਵੀ ਦਾਅਵਾ ਹੈ ਕਿ ਉਦੋਂ ਤੋਂ 105 ਦੇ ਕਰੀਬ ਵਰਕਰ ਲਾਪਤਾ ਹਨ।

ਘਟਨਾ ਤੋਂ ਬਾਅਦ ਖ਼ਾਨ ਦੇ ਸਮਰਥਕਾਂ ਨੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਲਈ ਪਾਕਿਸਤਾਨੀ ਫ਼ੌਜ 'ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿਤੇ। ਸ਼ਹਿਬਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਕੀਤੀ ਅਤੇ ਸੋਸ਼ਲ ਮੀਡੀਆ 'ਤੇ ਗ਼ਲਤ ਪ੍ਰਚਾਰ ਕਰਨ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕਰਨ ਦਾ ਵਾਅਦਾ ਕੀਤਾ। ਸਰਕਾਰ ਨੇ ਅੰਜਿਹੇ ਤੱਤਾਂ ਨੂੰ ਨੱਥ ਪਾਉਣ ਲਈ ਸੈਂਧੀ ਜਾਂਚ ਏਜੰਸੀ (ਐਫ਼.ਆਈ.ਏ.) ਦੇ ਸਾਈਬਰ ਵਿੰਗ ਦੀ ਅਗਵਾਈ ਵਿਚ ਇਕ ਵਿਸ਼ੇਸ਼ ਟਾਸਕ ਫ਼ੋਰਸ ਦਾ ਗਠਨ ਕੀਤਾ। ਐਫ.ਆਈ.ਏ. ਦੇ ਇਕ ਅਧਿਕਾਰੀ ਨੇ ਕਿਹਾ, 'ਇਸ ਤੋਂ ਬਾਅਦ ਐਫ.ਆਈ.ਏ. ਸਾਈਬਰ ਕ੍ਰਾਈਮ ਵਿੰਗ ਨੇ ਦੇਸ਼ ਭਰ ਵਿੱਚ ਲਗਭਗ 150 ਸ਼ੱਕੀਆਂ ਵਿਰੁਧ ਮਾਮਲਾ ਦਰਜ ਕੀਤਾ ਅਤੇ 22 ਸੋਸ਼ਲ ਮੀਡੀਆ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ।' ਉਨ੍ਹਾਂ ਕਿਹਾ ਕਿ ਐਫ.ਆਈ.ਏ. ਨੇ ਰਾਜ ਦੇ ਅਦਾਰਿਆਂ ਵਿਰੁਧ ਗ਼ਲਤ ਪ੍ਰਚਾਰ ਕਰਨ ਵਾਲੇ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਲਈ 117 ਥਾਵਾਂ 'ਤੇ ਛਾਪੇਮਾਰੀ ਕੀਤੀ। **(ਏਜੰਸੀ)**

ਇਕ ਨਜ਼ਰ ...

ਰਾਸ਼ਟਰੀ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਅੱਜ ਤੋਂ

ਨਵੀਂ ਦਿੱਲੀ, 11 ਦਸੰਬਰ : ਇਥੇ ਵੀਰਵਾਰ ਤੋਂ ਸ਼ਾਟਗਨ ਮੁਕਾਬਲਿਆਂ ਨਾਲ ਸ਼ੁਰੂ ਹੋ ਰਹੀ 67ਵੀਂ ਰਾਸ਼ਟਰੀ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਪ੍ਰਤੀਯੋਗਿਤਾ (ਐਨ. ਐਸ. ਸੀ. ਸੀ.) 'ਚ ਰਿਕਾਰਡ 13,522 ਨਿਸ਼ਾਨੇਬਾਜ਼ ਹਿੱਸਾ ਲੈਣਗੇ। ਸ਼ਾਟਗਨ (11 ਦਸੰਬਰ 2024 ਤੋਂ 19 ਜਨਵਰੀ 2025) ਅਤੇ ਪਿਸਤੌਲ (13 ਦਸੰਬਰ 2024 ਤੋਂ 5 ਜਨਵਰੀ 2025) ਦੇ ਮੁਕਾਬਲੇ ਇੱਥੇ ਡਾ: ਕਰਨੀ ਸਿੰਘ ਸ਼ੂਟਿੰਗ ਰੇਂਜ ਵਿਖੇ ਹੋਣਗੇ, ਜਦਕਿ ਰਾਈਫ਼ਲ ਦੇ ਰਾਸ਼ਟਰੀ ਮੁਕਾਬਲੇ ਭੋਪਾਲ 'ਚ 15 ਤੋਂ 31 ਦਸੰਬਰ ਤਕ ਐਮ.ਪੀ. ਸਟੇਟ ਸ਼ੂਟਿੰਗ ਅਕੈਡਮੀ ਰੇਂਜ ਵਿਖੇ ਹੋਣਗੇ। ਗਰੁੱਪ 2 ਅਤੇ ਗਰੁੱਪ 3 ਦੇ ਸਕੀਟ ਨਿਸ਼ਾਨੇਬਾਜ਼ਾਂ ਲਈ ਅਧਿਕਾਰਤ ਪ੍ਰੀ-ਪ੍ਰੀ-ਮੁਕਾਬਲੇ ਦੀ ਸਿਖਲਾਈ ਬੁੱਧਵਾਰ ਨੂੰ ਆਯੋਜਤ ਕੀਤੀ ਗਈ ਜਦੋਂ ਕਿ ਯੋਗਤਾ ਦੌਰ ਵੀਰਵਾਰ ਨੂੰ ਸ਼ੁਰੂ ਹੋਵੇਗਾ। ਰਾਸ਼ਟਰੀ ਮੁਕਾਬਲੇ ਵਿਚ ਕੁੱਲ 40 ਟੀਮਾਂ ਭਾਗ ਲੈਣਗੀਆਂ। **(ਏਜੰਸੀ)**

ਅਮਰੀਕਾ ਤੋਂ 15,000 ਅਸਾਲਟ ਰਾਈਫ਼ਲਾਂ ਖ਼ਰੀਦੇਗਾ ਸਵੀਡਨ



ਸਟਾਕਹੋਮ, 11 ਦਸੰਬਰ : ਸਵੀਡਨ ਅਮਰੀਕਾ ਤੋਂ 15,000 ਕੋਲਟ ਐਮ4ਏ1 ਅਸਾਲਟ ਰਾਈਫ਼ਲਾਂ ਖ਼ਰੀਦੇਗਾ ਕਿਉਂਕਿ ਦੇਸ਼ ਦੇ ਰਖਿਆ ਬਲਾਂ ਦੇ ਮਿਆਰੀ ਹਥਿਆਰ ਪੁਰਾਣੇ ਹੋ ਚੁੱਕੇ ਹਨ ਅਤੇ ਨਵੇਂ ਹਥਿਆਰਾਂ ਦੀ ਸਪਲਾਈ ਲੋੜੀਦੀ ਦਰ 'ਤੇ ਨਹੀਂ ਹੋ ਰਹੀ ਹੈ। ਇਹ ਜਾਣਕਾਰੀ ਸਵੀਡਿਸ਼ ਮੀਡੀਆ ਨੇ ਦਿਤੀ। ਐਸਵੀਟੀ ਪ੍ਰਸਾਰਕ ਨੇ ਮੰਗਲਵਾਰ ਨੂੰ ਕਿਹਾ ਕਿ ਅਸਾਲਟ ਰਾਈਫ਼ਲਾਂ ਨੂੰ ਅਸਥਾਈ ਹੱਲ ਵਜੋਂ ਮੰਗਵਾਉਣ ਦਾ ਆਰਡਰ ਸਿੱਧਾ ਅਮਰੀਕੀ ਜ਼ਮੀਨੀ ਬਲਾਂ ਨੂੰ ਦਿਤਾ ਗਿਆ ਹੈ। ਸਵੀਡਨ ਦਾ ਫ਼ਿਨਲੈਂਡ ਦੇ ਰਖਿਆ ਨਿਰਮਾਤਾ ਸਾਕੋ ਨਾਲ ਇਕ ਸਮਝੌਤਾ 2023 ਤੋਂ ਪ੍ਰਭਾਵੀ ਹੈ, ਜਿਸ ਤਹਿਤ ਫ਼ਿਨਲੈਂਡ ਨਾਲ ਸੰਯੁਕਤ ਖ਼ਰੀਦ ਦੇ ਹਿੱਸੇ ਵਜੋਂ ਸਵੀਡਿਸ਼ ਹਥਿਆਰਬੰਦ ਬਲਾਂ ਨੂੰ ਨਵੇਂ ਹਥਿਆਰਾਂ ਦੀ ਸਪਲਾਈ ਕੀਤੀ ਜਾਵੇਗੀ। ਸਵੀਡਿਸ਼ ਫ਼ੌਜੀ ਸੂਤਰਾਂ ਦੀ ਤੁਲਨਾ ਵਿਚ ਫ਼ਿਨਲੈਂਡ ਦੀ ਰਖਿਆ ਨਿਰਮਾਤਾ ਕੰਪਨੀ ਅਸਲਟ ਰਾਈਫ਼ਲਾਂ ਦੀ ਸਪਲਾਈ ਹੌਲੀ ਰਫ਼ਤਾਰ ਨਾਲ ਕਰ ਰਹੀ ਹੈ। **(ਏਜੰਸੀ)**

ਕੈਨੇਡੀਅਨ ਪੁਲਿਸ ਨੇ ਡਾਕੇ ਮਾਰਨ ਵਾਲੇ ਗਰੋਹ ਦਾ ਕੀਤਾ ਪਰਦਾਫ਼ਾਸ਼, 17 ਲੋਕ ਗ੍ਰਿਫ਼ਤਾਰ



ਟੋਰਾਂਟੋ, 11 ਦਸੰਬਰ : ਕੈਨੇਡੀਅਨ ਪੁਲਿਸ ਨੇ ਡਾਕੇ ਮਾਰਨ ਵਾਲੇ ਗਰੋਹ ਦਾ ਪਰਦਾਫ਼ਾਸ਼ ਕੀਤਾ ਹੈ। ਨਾਲ ਹੀ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਅਤੇ ਹਥਿਆਰ ਬਰਾਮਦ ਕੀਤੇ ਹਨ। ਯਾਰਕ ਰੀਜਨਲ ਪੁਲਿਸ ਨੇ ਗ੍ਰੇਟਰ ਟੋਰਾਂਟੋ ਏਰੀਆ ਦੇ ਘਰਾਂ ਵਿਚ ਡਾਕੇ ਮਾਰਨ, ਹਥਿਆਰਬੰਦ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਅਤੇ ਨਸ਼ਾ ਤਸਕਰੀ ਲਈ ਜ਼ਿੰਮੇਵਾਰ ਇਕ ਵੱਡੇ ਗਰੋਹ ਦਾ ਪਰਦਾਫ਼ਾਸ਼ ਕਰਦਿਆਂ 17 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੀਲ ਰੀਜਨਲ ਪੁਲਿਸ ਅਤੇ ਟੋਰਾਂਟੋ ਪੁਲਿਸ ਦੀ ਸਹਾਇਤਾ ਨਾਲ 'ਪ੍ਰੋਜੈਕਟ ਸਕਾਈਫ਼ਾਲ' ਅਧੀਨ ਕੀਤੀ ਗਈ ਕਾਰਵਾਈ ਦੌਰਾਨ 14 ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ। **(ਏਜੰਸੀ)**

ਉਤਰੀ ਗਾਜ਼ਾ 'ਚ ਇਜ਼ਰਾਈਲੀ ਹਮਲੇ 'ਚ 19 ਲੋਕਾਂ ਦੀ ਮੌਤ

ਕਾਹਿਰਾ, 11 ਦਸੰਬਰ : ਉਤਰੀ ਗਾਜ਼ਾ ਪੱਟੀ ਵਿਚ ਇਕ ਘਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਇਜ਼ਰਾਈਲੀ ਹਮਲੇ ਵਿਚ ਘੱਟੋ-ਘੱਟ 19 ਲੋਕ ਮਾਰੇ ਗਏ ਹਨ। ਬੇਘਰ ਹੋਏ ਲੋਕਾਂ ਨੇ ਇਸ ਘਰ ਵਿਚ ਸ਼ਰਨ ਲਈ ਸੀ। ਫ਼ਲਸਤੀਨੀ ਮੈਡੀਕਲ ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਕਮਾਲ ਅਡਵਾਨ ਹਸਪਤਾਲ ਨੇ ਕਿਹਾ ਕਿ ਬੇਤ ਲਾਹੀਆ ਕਸਬੇ ਵਿਚ ਤਾਰ ਤਾਰ ਹਮਲੇ ਜਾਰੀ ਰਹਿਣ ਤੋਂ ਬਾਅਦ ਬੁੱਧਵਾਰ ਨੂੰ ਜ਼ਖ਼ਮੀਆਂ ਨੂੰ ਹਸਪਤਾਲ ਲਿਆਂਦਾ ਗਿਆ ਸੀ। ਇਜ਼ਰਾਈਲੀ ਫ਼ੌਜ ਨੇ ਇਸ ਮਾਮਲੇ 'ਤੇ ਤੁਰਤ ਕੋਈ ਟਿੱਪਣੀ ਨਹੀਂ ਕੀਤੀ ਹੈ। **(ਏਜੰਸੀ)**

ਕੋਕਾ-ਕੋਲਾ ਨੇ ਬੋਟਲਿੰਗ ਯੂਨਿਟ 'ਚ 40 ਫ਼ੀ ਸਦੀ ਹਿੱਸੇਦਾਰੀ ਜੁਬਿਲੈਂਟ ਭਰਤੀਆ ਗਰੁੱਪ ਨੂੰ ਵੇਚੀ

ਨਵੀਂ ਦਿੱਲੀ, 11 ਦਸੰਬਰ : ਸਾਫਟ ਡਰਿੰਕ ਕੰਪਨੀ ਕੋਕਾ-ਕੋਲਾ ਨੇ ਬੁਧਵਾਰ ਨੂੰ ਕਿਹਾ ਕਿ ਉਸ ਨੇ ਅਪਣੇ ਬੋਟਲਿੰਗ ਕਾਰੋਬਾਰ ਹਿੰਦੁਸਤਾਨ ਕੋਕਾ-ਕੋਲਾ ਬੇਵਰੇਜਜ਼ ਪ੍ਰਾਈਵੇਟ ਲਿਮਟਿਡ (ਐਚ.ਸੀ.ਸੀ.ਬੀ.ਐਲ.) ਦੀ 40 ਫ਼ੀ ਸਦੀ ਹਿੱਸੇਦਾਰੀ ਜੁਬਿਲੈਂਟ ਭਰਤੀਆ ਗਰੁੱਪ ਨੂੰ ਵੇਚ ਦਿਤੀ ਹੈ।

ਹਾਲਾਂਕਿ ਕੰਪਨੀ ਨੇ ਇਸ ਸੌਦੇ ਵਿਚ ਸ਼ਾਮਲ ਰਕਮ ਦਾ ਪ੍ਰਗਟਾਵਾ ਨਹੀਂ ਕੀਤਾ, ਪਰ ਕੁੱਝ ਰੀਪੋਰਟਾਂ ਵਿਚ ਇਸ ਨੂੰ ਲਗਭਗ 10,000 ਕਰੋੜ ਰੁਪਏ ਦਸਿਆ ਗਿਆ ਹੈ। ਹਿੰਦੋਸਤਾਨ ਦੀ ਵਿਰਕੀ ਦੇ ਵੇਰਵਿਆਂ ਦਾ ਐਲਾਨ ਦੋਹਾਂ ਕੰਪਨੀਆਂ ਵਲੋਂ ਜਾਰੀ ਇਕ ਸਾਂਝੇ ਬਿਆਨ 'ਚ ਕੀਤਾ ਗਿਆ।

ਭਰਤੀਆ ਪਰਵਾਰ ਦੀ ਮਲਕੀਅਤ ਵਾਲੇ ਸਮੂਹ ਨੇ ਇਕ ਬਿਆਨ ਵਿਚ ਕਿਹਾ ਕਿ ਉਨ੍ਹਾਂ ਨੇ ਰਣਨੀਤਕ ਨਿਵੇਸ਼ ਲਈ ਇਕ ਨਿਸ਼ਚਿਤ ਸਮਝੌਤਾ ਕੀਤਾ ਹੈ, ਜਿਸ ਤਹਿਤ ਜੁਬਿਲੈਂਟ ਭਰਤੀਆ ਸਮੂਹ ਅਪਣੀ ਇਕਾਈ ਜੁਬਿਲੈਂਟ ਬੇਵਰੇਜਜ਼ ਲਿਮਟਿਡ ਰਾਹੀਂ ਹਿੰਦੁਸਤਾਨ ਕੋਕਾ-ਕੋਲਾ ਹੋਲਡਿੰਗਜ਼ ਪ੍ਰਾਈਵੇਟ ਲਿਮਟਿਡ, ਭਾਰਤ (ਐਚ.ਸੀ.ਸੀ.ਐਲ.) ਵਿਚ 40 ਫ਼ੀ ਸਦੀ ਹਿੱਸੇਦਾਰੀ ਹਾਸਲ ਕਰੇਗਾ। ਐਚਸੀਸੀਐਲ ਭਾਰਤ ਦੀ ਸੱਭ ਤੋਂ ਵੱਡੀ ਕੋਕਾ-ਕੋਲਾ ਬੋਤਲਰ ਐਚ.ਸੀ.ਸੀ.ਬੀ.ਐਲ. ਦੀ ਮੂਲ ਕੰਪਨੀ ਹੈ। ਜੁਬਿਲੈਂਟ ਭਾਰਤੀਆਂ ਗਰੁੱਪ ਅਰਥਾਤ ਭਾਰਤ ਦਾ ਸਮੂਹ ਹੈ ਜਿਸ ਦੀ ਵੱਖ-ਵੱਖ ਖੇਤਰਾਂ 'ਚ ਵਿਸ਼ਵਵਿਆਪਾਪੀ ਮੌਜੂਦਗੀ ਹੈ। ਐਚ.ਸੀ.ਸੀ.ਬੀ.ਐਲ. ਭਾਰਤ 'ਚ ਕੋਕਾ-ਕੋਲਾ ਦੀ ਸੱਭ ਤੋਂ ਵੱਡੀ ਬੋਟਲਿੰਗ ਯੂਨਿਟ ਹੈ। **(ਪੀਟੀਆਈ)**

ਸਿੰਗਾਪੁਰ 'ਚ ਭਾਰਤੀ ਨਾਗਰਿਕ ਨੂੰ 16 ਮਹੀਨੇ ਦੀ ਸਜ਼ਾ

ਸਿੰਗਾਪੁਰ, 11 ਦਸੰਬਰ : ਇਕ ਭਾਰਤੀ ਨਾਗਰਿਕ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ 58 ਭਾਰਤੀ ਸਟਾਰ ਕੱਛੂਕੁੰਮਿਆਂ ਨੂੰ ਸਿੰਗਾਪੁਰ ਲਿਆਉਣ ਦੇ ਦੋਸ਼ ਵਿਚ 16 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਮੀਡੀਆ 'ਚ ਪ੍ਰਕਾਸ਼ਿਤ ਇਕ ਖ਼ਬਰ 'ਚ ਇਹ ਜਾਣਕਾਰੀ ਦਿਤੀ ਗਈ ਹੈ। 'ਦਿ ਸਟਰੇਟਸ ਟਾਈਮਜ਼' ਦੀ ਖ਼ਬਰ ਮੁਤਾਬਕ ਜਦੋਂ ਅਬਦੁਲ ਜਾਫ਼ਰ ਹਾਜੀ ਅਲੀ 29 ਅਗੱਸਤ ਨੂੰ ਸਕਾਰਤਾ ਜਾਣ ਵਾਲੀ ਇਕ ਹੋਰ ਉਡਾਣ ਵਿੱਚ ਸਵਾਰ ਹੋਣ ਲਈ ਭਾਰਤ ਤੋਂ ਚਾਂਗੀ ਹਵਾਈ ਅੱਡੇ 'ਤੇ ਪਹੁੰਚੇ ਤਾਂ ਇਹ ਕੱਛੂਕੁੰਮੇ ਉਸ ਦੇ ਨਿੱਜੀ ਸਾਮਾਨ ਵਿਚ ਲੁਕੇ ਹੋਏ ਮਿਲੇ। 40 ਸਾਲਾ ਅਲੀ ਨੇ ਸੋਮਵਾਰ ਨੂੰ ਸਿੰਗਾਪੁਰ ਵਿਚ ਭਾਰਤੀ ਸਟਾਰ ਕੱਛੂਕੁੰਮਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਲਿਆਉਣ ਦਾ ਦੋਸ਼ੀ ਮੰਨਿਆ। ਇਨ੍ਹਾਂ ਕੱਛੂਕੁੰਮਿਆਂ ਨੂੰ ਇੰਟਰਨੈਸ਼ਨਲ ਯੂਨੀਅਨ ਫ਼ਾਰ ਕੰਜ਼ਰਵੇਸ਼ਨ ਆਫ਼ ਨੇਚਰ ਵਲੋਂ 'ਲੁਪਤ ਹੋਣ ਦੇ ਖ਼ਤਰੇ' ਵਾਲੀ ਸ਼੍ਰੇਣੀ ਵਿਚ ਰਖਿਆ ਗਿਆ ਹੈ। **(ਏਜੰਸੀ)**

ਸੀਰੀਆ 'ਤੇ ਇਜ਼ਰਾਈਲ ਵਲੋਂ ਇਤਿਹਾਸ ਦਾ ਸੱਭ ਤੋਂ ਵੱਡਾ ਹਮਲਾ, 250 ਥਾਵਾਂ 'ਤੇ ਏਅਰ ਸਟਰਾਈਕ

ਦਮਿਸ਼ਕ, 11 ਦਸੰਬਰ : ਗਾਜ਼ਾ 'ਤੇ ਲਿਬਨਾਨ 'ਚ ਤਬਾਹੀ ਮਚਾਉਣ ਤੋਂ ਬਾਅਦ ਇਜ਼ਰਾਈਲ ਨੇ ਹੁਣ ਸੀਰੀਆ 'ਚ ਕਹਿਰ ਢਾਹਣਾ ਸ਼ੁਰੂ ਕਰ ਦਿਤਾ ਹੈ। ਇਜ਼ਰਾਈਲ ਨੇ ਸੀਰੀਆ 'ਤੇ ਇਤਿਹਾਸ ਦਾ ਸੱਭ